بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 20.09.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੇ ਇਮਾਨ ਵਿੱਚ ਵਾਧਾ ਕਰਨ ਵਾਲੇ ਦਿਲ ਖਿਚਵੇਂ ਸਦਗੁਣਾ ਦਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 20 ਸਤੰਬਰ 2019 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ, ਬਰਤਾਨੀਆ ਵਿੱਚ ਦਿਤੱਾ**

ਤਸ਼ੱਹੁਦ, ਤਉਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬਦਰੀ ਸਹਾਬਾ ਵਿੱਚੋਂ ਅੱਜ ਜਿੰਨ੍ਹਾ ਦੇ ਜ਼ਿਕਰ ਨਾਲ ਅਰੰਭ ਕਰਾਂਗਾ ਉਹ ਹਨ ਹਜ਼ਰਤ ਯਜ਼ੀਦ ਬਿਨ ਰਕੀਸ਼। ਹਜ਼ਰਤ ਯਜ਼ੀਦ ਬਦਰ, ਉਹਦ, ਖ਼ੰਦਕ ਅਤੇ ਹੋਰਨਾ ਸਾਰੀਆਂ ਜੰਗਾਂ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਸ਼ਾਮਲ ਸਨ । ਹਜ਼ਰਤ ਯਜ਼ੀਦ ਨੇ ਬਦਰ ਦੀ ਜੰਗ ਵਿੱਚ ਤੈ ਕਬੀਲੇ ਦੇ ਇਕ ਵਿਅਕਤੀ ਉਮਰੋ ਬਿਨ ਸੁਫ਼ਯਾਨ ਨੂੰ ਕਤਲ ਕੀਤਾ ਸੀ । ਹਜ਼ਰਤ ਯਜ਼ੀਦ ਯਮਾਮਾ ਦੀ ਜੰਗ ਦੇ ਦਿਨ 12 ਹਿਜਰੀ ਵਿੱਚ ਸ਼ਹੀਦ ਹੋਏ ਸਨ । ਇਸ ਜੰਗ ਦਾ ਇਵਸਥਾਰ ਕੁਝ ਇਸ ਪ੍ਰਕਾਰ ਹੈ ।

ਯਮਾਮਾ ਦੀ ਜੰਗ ਹਜ਼ਰਤ ਅਬੂਬਕਰ ਦੇ ਖ਼ਿਲਾਫ਼ਤ ਕਾਲ ਵਿੱਚ 11 ਹਿਜਰੀ ਵਿੱਚ ਮੁਸੈਲਮਾ ਕਜ਼ਾਬ ਦੇ ਵਿਰੁਧ ਯਮਾਮਾ ਦੇ ਅਸਥਾਨ'ਤੇ ਲੜੀ ਗਈ ਸੀ । ਹਜ਼ਰਤ ਅਬੂਬਕਰ ਨੇ ਹਜ਼ਰਤ ਅਕਰਮਹ ਬਿਨ ਅਬੂ ਜਹਿਲ ਦੀ ਸਰਦਾਰੀ ਵਿੱਚ ਇਕ ਲਸ਼ਕਰ ਮੁਸੈਲਮਾ ਕਜ਼ਾਬ ਦੇ ਮੁਕਾਬਲੇ ਲਈ ਭੇਜਿਆ । ਇਹਨਾ ਦੇ ਪਿੱਛੇ ਇਹਨਾ ਦੀ ਮਦਦ ਲਈ ਹਜ਼ਰਤ ਸ਼ਿਰਜੀਲ ਬਿਨ ਹਸਨਾ ਦੀ ਸਰਦਾਰੀ ਵਿੱਚ ਇਕ ਲਸ਼ਕਰ ਰਵਾਨਾ ਕੀਤਾ । ਕਿਸੇ ਸਬਬ ਹਜ਼ਰਤ ਅਕਰਮਹ ਨੇ ਹਜ਼ਰਤ ਸ਼ਿਰਜੀਲ ਦੇ ਪਹੁੰਚਣ ਤੋਂ ਪਹਿਲਾਂ ਹੀ ਮੁਸੈਲਮਾ ਨਾਲ ਜੰਗ ਸ਼ੁਰੂ ਕਰ ਦਿੱਤੀ ਪਰ ਮੁਸੈਲਮਾ ਤੋਂ ਉਹਨਾ ਨੂੰ ਹਾਰ ਹੋਈ । ਇਸ ਘਟਨਾ ਦੀ ਸੂਚਨਾ ਜੱਦ ਹਜ਼ਰਤ ਸ਼ਿਰਜੀਲ ਨੂੰ ਮਿਲੀ ਤਾਂ ਉਹ ਮਾਰਗ ਵਿੱਚ ਹੀ ਰੁਕ ਗਏ । ਹਜ਼ਰਤ ਅਕਰਮਹ ਨੇ ਆਪਣੀ ਹਾਰ ਹਜ਼ਰਤ ਅਬੂਬਕਰ ਨੂੰ ਲਿੱਖੀ ਤਾਂ ਹਜ਼ਰਤ ਅਬੂਬਕਰ ਨੇ ਉਹਨਾ ਨੂੰ ਲਿੱਖਿਆ ਕਿ ਤੁਸੀਂ ਮਦੀਨੇ ਵਾਪਸ ਨ ਆਓ, ਇਸ ਨਾਲ ਲੋਕਾਂ ਵਿੱਚ ਬੁਜ਼ਦਿਲੀ ਪੈਦਾ ਹੋਵੇਗੀ, ਸਗੋਂ ਤੁਸੀਂ ਆਪਣੇ ਲਸ਼ਕਰ ਨੂੰ ਲੈਕੇ ਅਮਾਨ ਵਾਲੇ ਅਤੇ ਮਹਰਾ ਦੇ ਬਾਗ਼ੀਆਂ ਨਾਲ ਜਾਕੇ ਲੜੋ । ਇਸ ਦੇ ਬਾਦ ਯਮਨ ਤੇ ਹਜ਼ਰ ਮੌਤ ਵਿੱਚ ਬਾਗ਼ੀਆਂ ਨਾਲ ਜਾਕੇ ਲੜੋ । ਹਜ਼ਰਤ ਅਬੂਬਕਰ ਨੇ ਹਜ਼ਰਤ ਸ਼ਿਰਜੀਲ ਨੂੰ ਲਿੱਖਿਆ ਕਿ ਤੁਸੀਂ ਹਜ਼ਰਤ

ਖ਼ਾਲਿਦ ਬਿਨ ਵਲੀਦ ਦੇ ਆਉਣ ਤੱਕ ਆਪਣੀ ਥਾਂ ਠਹਿਰੇ ਰਹੋ । ਹਜ਼ਰਤ ਅਬੂਬਕਰ ਨੇ ਹਜ਼ਰਤ ਖ਼ਾਲਿਦ ਬਿਨ ਵਲੀਦ ਨੂੰ ਮੁਸੈਲਮਾ ਕਜ਼ਾਬ ਦੇ ਮੁਕਾਬਲੇ ਲਈ ਰਵਾਨਾ ਕੀਤਾ ਅਤੇ ਉਹਨਾ ਨਾਲ ਮੁਹਾਜਰਾਂ ਤੇ ਅੰਸਾਰ ਦੀ ਇਕ ਵੱਡੀ ਜਮਾਤ ਰਵਨਾ ਕੀਤੀ । ਅੰਸਾਰ ਦੀ ਜਮਾਤ ਦੇ ਸਰਦਾਰ ਹਜ਼ਰਤ ਸਾਬਤ ਬਿਨ ਕੈਸ ਅਤੇ ਮੁਹਾਜਰਾਂ ਦੇ ਸਰਦਾਰ ਹਜ਼ਰਤ ਅਬੂ ਹੁਜ਼ੈਫ਼ਾ ਅਤੇ ਜ਼ੈਦ ਬਿਨ ਖ਼ਤਾਬ ਸਨ । ਹਜ਼ਰਤ ਸ਼ਿਰਜੀਲ ਨੇ ਹਜ਼ਰਤ ਖ਼ਾਲਦ ਦੇ ਆਉਣ ਤੋਂ ਪਹਿਲਾਂ ਮੁਸੈਲਮਾ ਕਜ਼ਾਬ ਦੇ ਵਿਰੁਧ ਜੰਗ ਅਰੰਭ ਕਰ ਦਿੱਤੀ ਅਤੇ ਪਰਾਜਿਤ ਹੋਏ । ਹਜ਼ਰਤ ਅਬੂਬਕਰ ਨੇ ਹਜ਼ਰਤ ਖ਼ਾਲਿਦ ਲਈ ਹਜ਼ਰਤ ਸਲੈਤ ਦੀ ਅਗਵਾਈ ਵਿੱਚ ਹੋਰ ਜਥੱਾ ਰਵਾਨਾ ਕਰ ਦਿਤੱਾ ਤਾਂ ਜੋ ਪਿਛੱਲੇ ਪਾਸਿਓਂ ਕੋਈ ਹਮਲਾ ਨ ਕਰ ਸਕੇ । ਇਸ ਜੰਗ ਵਿੱਚ ਮੁਸਲਮਾਨਾ ਦੇ ਲਸ਼ਕਰ ਦੀ ਗਿਣਤੀ ਤੇਰ੍ਹਾਂ ਹਜ਼ਾਰ ਸੀ ਜੱਦ ਕਿ ਮੁਸੈਲਮਾ ਕਜ਼ਾਬ ਦੇ ਲਸ਼ਕਰ ਦੀ ਗਿਣਤੀ ਚਾਲ੍ਹੀ ਹਜ਼ਾਰ ਦੱਸੀ ਜਾਂਦੀ ਹੈ । ਜੱਦ ਮੁਸੈਲਮਾ ਨੂੰ ਪਤਾ ਲਗੱਾ ਕਿ ਹਜ਼ਰਤ ਖ਼ਾਲਿਦ ਨੇੜੇ ਆ ਗਏ ਹਨ ਤਾਂ ਉਸ ਨੇ ਅਕਰਬਾ ਅਸਥਾਨ'ਤੇ ਆਪਣਾ ਪੜਾਅ ਪਾਇਆ ਅਤੇ ਲੋਕਾਂ ਨੂੰ ਆਪਣੀ ਮਦਦ ਲਈ ਬੁਲਾਇਆ । ਲੋਕ ਵੱਡੀ ਗਿਣਤੀ ਵਿੱਚ ਉਸ ਵੱਲ ਆਉਣ ਲੱਗੇ । ਇਸੇ ਸਮੇਂ ਮਜਾਆ ਬਿਨ ਮਰਾਰਾ ਇਕ ਜੱਥੇ ਨਾਲ ਬਾਹਰ ਨਿਕਲਿਆ ਤਾਂ ਮੁਸਲਮਾਨਾ ਨੇ ਉਸਨੂੰ ਅਤੇ ਉਸਦੇ ਸਾਥੀਆਂ ਨੂੰ ਫੜ ਲਿਆ । ਹਜ਼ਰਤ ਖ਼ਾਲਿਦ ਨੇ ਉਸ ਦੇ ਸਾਥੀਆਂ ਨੂੰ ਮਾਰ ਦਿਤੱਾ ਅਤੇ ਮਜਾਆ ਨੂੰ ਜੀਉਂਦਾ ਰੱਖਿਆ ਕਿਉਕਿ ਕਬੀਲਾ ਬਨੂ ਹਨੀਫ਼ਹ ਵਿੱਚ ਉਸ ਦਾ ਬਹੁਤ ਸਨਮਾਨ ਸੀ । ਮੁਸੈਲਮਾ ਦੇ ਪੁਤੱਰ ਸ਼ਰਜੀਲ ਨੇ ਬਨੂ ਹਨੀਫ਼ਹ ਨੂੰ ਭੜਕਾਉਂਦਿਆਂ ਹੋਇਆ ਕਿਹਾ ਕਿ ਅੱਜ ਗ਼ੈਰਤ ਦਿਖਾਉਣ ਦਾ ਦਿਨ ਹੈ ਜੇਕਰ ਅੱਜ ਤੁਸੀਂ ਪਰਾਜਿਤ ਹੋ ਗਏ ਤਾਂ ਤੁਹਾਡੀਆਂ ਇਸਤਰੀਆਂ ਲੌਂਡੀਆਂ (ਗ਼ੁਲਾਮ) ਬਣਾ ਲਈਆਂ ਜਾਣਗੀਆਂ, ਇਸ ਲਈ ਅੱਜ ਤੁਸੀਂ ਆਪਣੇ ਸਨਮਾਨ ਲਈ ਪੂਰੀ ਜਵਾਂਮਰਦੀ ਦਿਖਾਓ ਅਤੇ ਆਪਣੀਆਂ ਇਸਤਰੀਆਂ ਦੀ ਸੁਰੱਖਿਆ ਕਰੋ । ਬਹਿਰਹਾਲ ਜੰਗ ਅਰੰਭ ਹੋਈ, ਮੁਹਾਜਰਾਂ ਦਾ ਝੰਠਾ ਹਜ਼ਰਤ ਸਾਲਮ ਮੌਲਾ ਹੁਜ਼ੈਫ਼ਾ ਕੋਲ ਸੀ ਜੱਦ ਕਿ ਇਸ ਤੋਂ ਪਹਿਲਾਂ ਉਹ ਅਬਦੁਲੱਾਹ ਬਿਨ ਹਫ਼ਸ ਕੋਲ ਸੀ ਪਰ ਉਹ ਸ਼ਹੀਦ ਹੋ ਗਏ ਸਨ, ਅਤੇ ਅੰਸਾਰ ਦਾ ਝੰਡਾ ਹਜ਼ਰਤ ਸਾਬਤ ਬਿਨ ਕੈਸ ਕੋਲ ਸੀ । ਘਮਸਾਨ ਦਾ ਯੁੱਧ ਹੋਇਆ ਅਤੇ ਉਹ ਜੰਗ ਅਜਿਹੀ ਸੀ ਕਿ ਮੁਸਲਮਾਨਾ ਨੂੰ ਇਸ ਤੋਂ ਪਹਿਲਾਂ ਅਜਿਹੀ ਜੰਗ ਦਾ ਕਦੇ ਵੀ ਸਾਹਮਣਾ ਨਹੀ ਕਰਨਾ ਪਿਆ ਸੀ । ਇਸ ਜੰਗ ਵਿੱਚ ਮੁਸਲਮਾਨ ਪਰਾਜਿਤ ਹੋਏ ਅਤੇ ਬਨੂ ਹਨੀਫ਼ਾ ਦੇ ਲੋਕ ਮਜਾਆ ਨੂੰ ਛੁਡਾਉਣ ਲਈ ਅੱਗੇ ਵਧੇ ਜਿਸ ਨੂੰ ਹਜ਼ਰਤ ਖ਼ਾਲਿਦ ਨੇ ਕੈਦੀ ਬਣਾਇਆ ਹੋਇਆ ਸੀ । ਉਹਨਾ ਨੇ ਖ਼ਾਲਦ ਬਿਨ ਵਲੀਦ ਦੇ ਤੰਬੂ ਦਾ ਘਿਰਾਉ ਕੀਤਾ। ਇਸ ਸਮੇਂ ਹਜ਼ਰਤ ਖ਼ਾਲਿਦ ਦੀ ਬਤਨੀ ਖ਼ੈਮੇ (ਤੰਬੂ) ਵਿੱਚ ਸੀ । ਉਹਨਾ ਲੋਕਾਂ ਨੇ ਹਜ਼ਰਤ ਖ਼ਾਲਿਦ ਦੀ ਪਤਨੀ ਨੂੰ ਕਤਲ ਕਰਨਾ ਚਾਹਿਆ ਤਾਂ ਮਜਾਆ ਨੇ ਕਿਹਾ ਕਿ ਮੈਂ ਇਸਨੂੰ ਆਪਣੀ ਪਨਾਹ ਦਿੱਤੀ ਹੋਈ ਹੈ ਅਤੇ ਉਹਨਾ ਨੂੰ ਕਤਲ ਕਰਨ ਤੋਂ ਰੋਕ ਦਿਤੱਾ । ਮਜਾਆ ਨੇ ਉਹਨਾ ਨੂੰ ਪੁਰੁਸ਼ਾਂ ਉਪੱਰ ਹਮਲਾ ਕਰਨ ਲਈ ਕਿਹਾ । ਇਸ'ਤੇ ਉਹ ਤੰਬੂ ਨੂੰ ਕਟੱਕੇ ਚਲੇ ਗਏ । ਜੰਗ ਫਿਰ ਸਖ਼ਤ ਹੋ ਗਈ ਅਤੇ ਬਨੂ ਹਸੀਫ਼ਾ ਦੇ ਕਬੀਲਿਆਂ ਦੇ ਲੋਕ ਮਿਲਕੇ ਸਖ਼ਤ ਹਮਲੇ ਕਰਨ ਲੱਗੇ । ਇਸ ਦਿਨ ਕਦੇ ਮੁਸਲਮਾਨਾ ਦਾ ਪਲੜਾ ਭਾਰਾ ਹੋ ਜਾਂਦਾ ਅਤੇ ਕਦੇ ਕਾਫ਼ਰਾਂ ਦਾ । ਇਸ ਜੰਗ ਵਿੱਚ ਹਜ਼ਰਤ ਸਾਲਮ, ਹਜ਼ਰਤ ਅਬੂ ਹੁਜ਼ੈਫ਼ਾ, ਹਜ਼ਰਤ ਜੈਦ ਬਿਨ ਖ਼ਤਾਬ ਜਿਹੇ ਸਨਮਾਨ ਯੋਗ ਸਹਾਬਾ ਸ਼ਹੀਦ ਹੋਏ । ਹਜ਼ਰਤ ਖ਼ਾਲਿਦ ਨੇ ਜੱਦ ਮੁਸਲਮਾਨਾ ਦੀ ਇਹ ਹਾਲਤ ਦੇਖੀ ਤਾਂ ਉਹਨਾ ਨੇ ਹਰ ਕਬੀਲੇ ਨੂੰ ਅੱਡ ਅੱਡ ਹੋਣ ਦਾ ਹੁਕੁਮ ਦੇ ਦਿਤੱਾ ਤਾਂ ਔਕੁੜਾਂ ਦਾ ਅੰਦਾਜ਼ਾ ਲਾਇਆ ਜਾ ਸਕੇ ਅਤੇ ਪਤਾ ਲੱਗ ਸਕੇ ਕਿ ਕਿੱਥੋਂ ਮੁਸਲਮਾਨਾ ਉਪੱਰ ਹਮਲਾ ਕੀਤਾ ਜਾ ਰਿਹਾ ਹੈ । ਇਸੇ ਪ੍ਰਕਾਰ ਜੰਗ ਵਿੱਚ ਪੰਕਤੀਆਂ ਨੂੰ ਅੱਡ ਅੱਡ ਕਰਕੇ ਠੀਕ ਕੀਤਾ ਤਾਂ ਮੁਸਲਮਾਨ ਇਕ ਦੂਜੇ ਨੂੰ ਕਹਿਣ ਲੱਗੇ ਕਿ ਅੱਜ ਸਾਨੂੰ ਸ਼ਰਮ ਅਨੁਭਵ ਹੋ ਰਹੀ ਹੈ । ਅਰਥਾਤ ਇਹ ਬਹੁਤ

ਹੀ ਸ਼ਰਮ ਯੋਗ ਗੱਲ ਹੈ ਜੋ ਸਾਡਾ ਇਹ ਹਾਲ ਹੋ ਰਿਹਾ ਹੈ । ਮੁਸਲਾਮਾਨ ਲਈ ਇਸ ਤੋਂ ਵੱਧ ਕੋਈ ਔਕੁੜ ਦਾ ਦਿਨ ਨਹੀਂ ਸੀ । ਮੁਸੈਲਮਾ ਹੁਣ ਤੱਕ ਆਪਣੀ ਥਾਂ'ਤੇ ਸਿਥਿਰ ਸੀ ਅਤੇ ਕੁਫ਼ੱਾਰ ਵੱਲੋਂ ਜੰਗ ਦਾ ਕੇਂਦਰ ਸੀ । ਹਜ਼ਰਤ ਖ਼ਾਲਿਦ ਨੇ ਇਹ ਪਤਾ ਕਰ ਲਿਆ ਕਿ ਜੱਦ ਤੱਕ ਉਸ ਨੂੰ ਕਤਲ ਨਹੀ ਕੀਤਾ ਜਾਵੇਗਾ ਤੱਦ ਤੱਕ ਜੰਗ ਬੰਦ ਨਹੀਂ ਹੋਵੇਗੀ । ਇਸ'ਤੇ ਹਜ਼ਰਤ ਖ਼ਾਲਦ ਅੱਗੇ ਨਿਕਲੇ ਅਤੇ ਉਹਨਾ ਨੇ ਵਿਰੋਧੀ ਨੂੰ ਜੰਗ ਲਈ ਸਦੱਾ ਦਿਤੱਾ ਅਤੇ ਜੰਗੀ ਸ਼ੇਅਰ ਦਾ ਨਾਅਰਾ ਲਾਇਆ ਜੋ ਉਸ ਸਮੇਂ 'ਯਾ ਮੁਹਮੱਦ' ਸੀ ਜੋ ਵੀ ਮੈਦਾਨ ਵਿੱਚ ਆਇਆ ਮਾਰਿਆ ਗਿਆ । ਹਜ਼ਰਤ ਖ਼ਾਲਦ ਨੇ ਮੁਸੈਲਮਾ ਨੂੰ ਸਦੱਾ ਦਿਤੱਾ ਅਤੇ ਉਹ ਸਾਹਮਣੇ ਨਹੀਂ ਆਇਆ ਅਤੇ ਭੱਜ ਗਿਆ, ਆਪਣੇ ਸਾਥੀਆਂ ਸਣੇ ਆਪਣੇ ਬਾਗ਼ ਵਿੱਚ ਪਨਾਹ ਲੈਂਣ ਲਈ ਮਜਬੂਰ ਹੋ ਗਿਆ ਅਤੇ ਬਾਗ਼ ਦਾ ਦਰਵਾਜ਼ਾ ਬੰਦ ਕਰ ਲਿਆ । ਮੁਸਲਮਾਨਾ ਨੇ ਉਸ ਬਾਗ਼ ਦਾ ਘਿਰਾਉ ਕਰ ਲਿਆ । ਇਕ ਤਰਕੀਬ ਨਾਲ ਦਰਵਾਜ਼ਾ ਖੋਲਕੇ ਮੁਸਲਮਾਨ ਬਾਗ਼ ਵਿੱਚ ਦਾਖ਼ਲ ਹੋ ਗਏ ਅਤੇ ਫਿਰ ਘਮਸਾਨ ਦਾ ਯੁੱਧ ਹੋਇਆ । ਵਹਸ਼ੀ ਨੇ ਮੁਸੈਲਮਾ ਨੂੰ ਕਤਲ ਕੀਤਾ ਇਹ ਉਹੋ ਵਹਸ਼ੀ ਹੈ ਜਿਸ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਚਾਚਾ ਹਜ਼ਰਤ ਹਮਜ਼ਾ ਨੂੰ ਸ਼ਹੀਦ ਕੀਤਾ ਸੀ । ਇਸ ਜੰਗ ਵਿੱਚ ਮੁਸਲਮਾਨਾ ਵੱਲੋਂ ਛੇ ਸੋ ਤੋਂ ਵੱਧ ਮੁਹਾਜਰ ਤੇ ਅੰਸਾਰ ਸ਼ਹੀਦ ਹੋਏ ਜੱਦ ਕਿ ਬਨੂ ਹਨੀਫ਼ਾ ਵਿੱਚੋਂ ਅਕਰਬਾ ਦੇ ਰਣ ਖੇਤਰ ਵਿੱਚ ਸੱਤ ਹਜ਼ਾਰ ਅਤੇ ਬਾਗ਼ ਵਿੱਚ ਸੱਤ ਹਜ਼ਾਰ ਅਤੇ ਫ਼ਰਾਰ ਹੋਣ ਵਾਲਿਆਂ ਦਾ ਪਿਛੱਾ ਕਰਦੇ ਸਮੇਂ ਵੀ ਸੱਤ ਹਜ਼ਾਰ ਕੁਫ਼ੱਰਾਂ ਦਾ ਕਤਲ ਹੋਇਆ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਗਲੇ ਸਹਾਬੀ ਹਜ਼ਰਤ ਅਬਦੁਲੱਾਹ ਬਿਨ ਮਖ਼ਰਮਹ ਹਨ । ਇਹ ਅਰੰਭਕ ਇਸਲਾਮ ਲਿਆਉਣ ਵਾਲੇ ਸਹਾਬਾ ਵਿੱਚੋਂ ਸਨ । ਹਜ਼ਰਤ ਅਬਦੁਲੱਾਹ ਬਿਨ ਮਖਰਮਹ ਨੂੰ ਦੋ ਹਿਜਰਤਾਂ ਕਰਨ ਦਾ ਸੁਭਾਗ ਪ੍ਰਾਪਤ ਹੋਇਆ । ਇਕ ਹਬਸ਼ੇ ਵੱਲ ਅਤੇ ਦੂਜੀ ਮਦੀਨੇ ਵੱਲ । ਹਜ਼ਰਤ ਅਬਦੁਲੱਾਹ ਬਿਨ ਮਖ਼ਰਮਹ ਬਦਰ ਦੀ ਜੰਗ ਅਤੇ ਬਾਦ ਵਿੱਚ ਹੋਣ ਵਾਲੀਆਂ ਸਾਰੀਆਂ ਜੰਗਾ ਵਿੱਚ ਸ਼ਾਮਲ ਹੋਏ । ਬਦਰ ਦੀ ਜੰਗ ਸਮੇਂ ਆਪ ਦੀ ਉਮਰ ਤੀਹ ਸਾਲ ਸੀ । ਹਜ਼ਰਤ ਅਬੂਬਕਰ ਦੇ ਖ਼ਿਲਾਫ਼ਤ ਕਾਲ ਵਿੱਚ ਯਮਾਮਾ ਦੀ ਜੰਗ ਵਿੱਚ ਸ਼ਹੀਦ ਹੋਏ । ਇਸ ਸਮੇਂ ਇਹਨਾ ਦੀ ਉਮਰ ਅਕਤਾਲ੍ਹੀ ਸਾਲ ਸੀ । ਹਜ਼ਰਤ ਅਬਦੁਲੱਾਹ ਬਿਨ ਮਖ਼ਰਮਹ ਦੀ ਸ਼ਹੀਦੀ ਦੀ ਭਾਵਨਾ ਅਤਿਅੰਤ ਵਧੀ ਹੋਈ ਸੀ । ਸੋ, ਉਹ ਰੱਬ ਤੋਂ ਦੁਆ ਕਰਿਆ ਕਰਦੇ ਸਨ ਕਿ ਮੈਂਨੂੰ ਉਸ ਸਮੇਂ ਤੱਕ ਮੌਤ ਨ ਦੇਣਾ ਜੱਦ ਤੱਕ ਮੈਂ ਆਪਣੇ ਸ਼ਰੀਰ ਦੇ ਹਰ ਜੋੜ'ਤੇ ਰੱਬ ਦੇ ਮਾਰਗ ਵਿੱਚ ਜ਼ਖ਼ਮ ਨ ਦੇਖ ਲਵਾਂ। ਸੋ, ਯਮਾਮਾ ਦੀ ਜੰਗ ਦੇ ਦਿਨ ਉਹਨਾ ਦੇ ਜੋੜਾਂ'ਤੇ ਜ਼ਖ਼ਮ ਪਹੁੰਚੇ ਜਿੰਨ੍ਹਾ ਦੇ ਸਬਬ ਇਹ ਸ਼ਹੀਦ ਹੋ ਗਏ । ਹਜ਼ਰਤ ਅਬਦੁਲੱਾਹ ਬਿਨ ਮਖ਼ਰਮਹ ਬਹੁਤ ਅਧਿਕ ਇਬਾਦਤ ਕਰਨ ਵਾਲੇ ਸਨ । ਜਵਾਨੀ ਵਿੱਚ ਵੀ ਬਹੁਤ ਵੱਡੀ ਇਬਾਦਤ ਕੀਤਾ ਕਰਦੇ ਸਨ । ਹਜ਼ਰਤ ਇਬਨੇ ਉਮਰ ਬਿਆਨ ਕੀਤਾ ਕਰਦੇ ਹਨ ਕਿ ਜੰਗੇ ਯਮਾਮਾ ਦੇ ਸਾਲ ਮੈਂ ਹਜ਼ਰਤ ਅਬਦੁਲੱਾਹ ਬਿਨ ਮਖ਼ਰਮਹ ਅਤੇ ਹਜ਼ਰਤ ਅਬੂ ਹੁਜ਼ੈਫ਼ਾ ਦੇ ਅਜ਼ਾਦ ਕੀਤੇ ਗ਼ੁਲਾਮ ਹਜ਼ਰਤ ਸਾਲਮ ਇਕ ਸਾਥ ਸਨ । ਅਸੀਂ ਤਿੰਨ੍ਹੇ ਵਾਰੀ ਵਾਰੀ ਲਸ਼ਕਰ ਲਈ ਬਕਰੀਆਂ ਚਰ੍ਹਾਇਆ ਕਰਦੇ ਸਨ । ਸੋ, ਜਿਸ ਦਿਨ ਲੜਾਈ ਅਰੰਭ ਹੋਈ ਉਹ ਦਿਨ ਮੇਰਾ ਬਕਰੀਆਂ ਚਰਾਉਣ ਦਾ ਸੀ । ਮੈਂ ਬਕਰੀਆਂ ਚਰਾਕੇ ਪਰਤਿਆ ਤਾਂ ਮੈਂ ਹਜ਼ਰਤ ਅਬਦੁਲੱਾਹ ਬਿਨ ਮਖ਼ਰਮਹ ਨੂੰ ਜੰਗ ਦੇ ਮੈਦਾਨ ਵਿੱਚ ਜ਼ਖ਼ਮੀ ਹਾਲਤ ਵਿੱਚ ਡਿੱਗਿਆ ਹੋਇਆ ਦੇਖਿਆ ਤਾਂ ਮੈਂ ਉਹਨਾ ਕੋਲ ਹੀ ਠਹਿਰ ਗਿਆ । ਉਹਨਾ ਨੇ ਕਿਹਾ, ਹੇ ਅਬਦੁਲੱਾਹ ਬਿਨ ਉਮਰ, ਕੀ ਰੋਜ਼ੇਦਾਰਾਂ ਨੇ ਇਫ਼ਤਾਰੀ ਕਰ ਲਈ ਹੈ, ਮੈਂ ਕਿਹਾ, ਹਾਂ, ਤਾਂ ਉਹਨਾ ਨੇ ਕਿਹਾ ਕਿ ਇਸ ਢਾਲ ਵਿੱਚ ਕੁਝ ਪਾਣੀ ਦੇ ਦਿਓ ਕਿ ਇਸ ਨਾਲ ਇਫ਼ਤਾਰ ਕਰ ਲਵਾਂ । ਹਜ਼ਰਤ

ਅਬਦੁਲੱਾਹ ਬਿਨ ਉਮਰ ਕਹਿੰਦੇ ਹਨ ਕਿ ਮੈਂ ਪਾਣੀ ਲੈਂਣ ਲਈ ਚਲਾ ਗਿਆ ਪਰ ਜੱਦ ਮੈਂ ਵਾਪਸ ਆਇਆ ਤਾਂ ਉਹ ਵਫ਼ਾਤ ਪਾ ਚੁਕੇ ਸਨ ।

ਹਜ਼ਰਤ ਉਮੱਰੋ ਬਿਨ ਮਾਬਦ ਹਨ ਅਗਲੇ ਸਹਾਬੀ । ਆਪ ਦਾ ਸੰਬੰਧ ਅੰਸਾਰ ਦੇ ਕਬੀਲੇ ਓਸ ਦੀ ਸ਼ਾਖ਼ਾ ਬਨੂ ਜ਼ਬਾਯਾ ਨਾਲ ਸੀ । ਬਦਰ, ਉਹਦ, ਖ਼ੰਦਕ ਸਣੇ ਸਾਰੀਆਂ ਜੰਗਾ ਵਿੱਚ ਰਸੂਲੁਲੱਾਹ ਸਲਲੱਾਹੁ ਆਲੈਹਿ ਵਸਲਮ ਨਾਲ ਸ਼ਾਮਲ ਹੋਏ । ਹਜ਼ਰਤ ਉਮੱਰੋ ਬਿਨ ਮਾਬਦ ਹੁਨੈਨ ਦੀ ਜੰਗ ਦੇ ਦਿਨ ਉਹਨਾ ਸੌ ਬਹਾਦੁਰੀ ਨਾਲ ਲੜਨ ਵਾਲੇ ਸਹਾਬਾ ਵਿੱਚੋਂ ਸਨ ਜਿੰਨ੍ਹਾ ਦੇ ਰਿਜ਼ਕ ਦਾ ਕਫ਼ੀਲ (ਸਪਾਂਸਰ) ਰੱਬ ਆਪ ਹੋ ਗਿਆ ਸੀ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵੋਸਲੱਮ ਦੇ ਨਾਲ ਖੜੇ ਰਹੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਗਲੇ ਸਹਾਬੀ ਹਜ਼ਰਤ ਨੁਅਮਾਨ ਬਿਨ ਮਾਲਕ ਹਨ । ਇਹਨਾ ਨੂੰ ਨੁਅਮਾਨ ਬਿਨ ਕੋਕਲ ਵੀ ਕਹਿੰਦੇ ਹਨ । ਹਜ਼ਰਤ ਨੁਅਮਾਨ ਬਿਨ ਮਾਲਕ ਦੀ ਚਾਲ ਵਿੱਚ ਲੰਗੜਾ ਪਨ ਸੀ । ਆਪ ਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਦੀ ਸ਼ਾਖ਼ਾ ਬਨੂ ਗ਼ਨਮ ਨਾਲ ਸੀ । ਹਜ਼ਰਤ ਨੁਅਮਾਨ ਬਿਨ ਮਾਲਕ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਉਹਦ ਦੀ ਜੰਗ ਵਿੱਚ ਸ਼ਹੀਦ ਹੋਏ । ਇਹਨਾ ਨੂੰ ਸਫ਼ਵਾਨ ਬਿਨ ਉਮਯੱਾ ਨੇ ਸ਼ਹੀਦ ਕੀਤਾ ਸੀ । ਹਜ਼ਰਤ ਨੁਅਮਾਨ ਬਿਨ ਮਾਲਕ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਉਹਦ ਦੀ ਜੰਗ ਲਈ ਨਿਕਲਦੇ ਸਮੇਂ ਅਰਜ਼ ਕੀਤੀ ਕਿ ਹੇ, ਰਸੂਲੁਲੱਾਹ ਬ-ਖ਼ੁਦਾ  ਮੈਂ ਜਨੱਤ ਵਿੱਚ ਜ਼ਰੂਰ ਦਾਖ਼ਲ ਹੋਵਾਂਗਾ । ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਉਹ ਕਿਵੇਂ ? ਤਾਂ ਹਜ਼ਰਤ ਨੁਮਆਨ ਨੇ ਅਰਜ਼ ਕੀਤੀ ਕਿ ਇਸ ਕਰਕੇ ਕਿ ਮੈਂ ਗਵਾਹੀ ਦਿੰਦਾ ਹਾਂ ਕਿ ਰੱਬ ਤੋਂ ਬਿਨਾ ਕੋਈ ਇਬਾਦਤ ਯੋਗ ਨਹੀਂ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਰੱਬ ਦੇ ਰਸੂਲ ਹਨ ਅਤੇ ਮੈਂ ਲੜਾਈ ਤੋਂ ਉਕੱਾ ਹੀ ਨਹੀਂ ਭਜੱਾਂਗਾ । ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ, ਤੁਸੀਂ ਸੱਚ ਕਿਹਾ । ਸੋ, ਉਹ ਉਸੇ ਦਿਨ ਸ਼ਹੀਦ ਹੋ ਗਏ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਅਲੱਾਹ ਤਆਲਾ ਨੇ ਉਸ ਦੀ ਦੁਆ ਕੁਬੂਲ ਕਰ ਲਈ ਕਿਉਂਕਿ ਮੈਂ ਉਸ ਨੂੰ ਦੇਖਿਆ ਕਿ ਉਹ ਜਨੱਤ (ਸਵਰਗ) ਵਿੱਚ ਚੱਲ ਰਿਹਾ ਸੀ ਅਤੇ ਉਸ ਵਿੱਚ ਕਿਸੇ ਵੀ ਪ੍ਰਕਾਰ ਦਾ ਲੰਗੜਾਪਨ ਤੇ ਲੜਖੜਾਹਟ ਨਹੀਂ ਸੀ । ਹਜ਼ਰਤ ਜਾਬਰ ਤੋਂ ਰਿਵਾਇਤ ਹੈ ਕਿ ਨੁਅਮਾਨ ਬਿਨ ਕੋਕਲ ਮਸਜਿਦ ਵਿੱਚ ਦਾਖ਼ਲ ਹੋਏ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਜੁਮਏ ਦੇ ਦਿਨ ਖ਼ੁਤਬਾ ਦੇ ਰਹੇ ਸਨ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਉਹਨਾ ਨੂੰ ਕਿਹਾ ਹੇ ਨੁਅਮਾਨ ਦੋ ਰਕਅਤਾਂ ਅਦਾ ਕਰ ਲਓ ਅਤੇ ਇਹਨਾ ਵਿੱਚ ਸੰਖੇਪ ਨਾਲ ਕੰਮ ਲਓ । ਫਿਰ ਆਪਨੇ ਫ਼ਰਮਾਇਆ ਕਿ ਜੇਕਰ ਤੁਹਾਡੇ ਵਿੱਚੋਂ ਕੋਈ ਆਏ ਅਤੇ ਇਮਾਮ ਖ਼ੁਤਬਾ ਦੇ ਰਿਹਾ ਹੋਵੇ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ ਦੋ ਰਕਅਤਾਂ ਨਮਾਜ਼ ਪੜ੍ਹੇ ਅਤੇ ਉਹ ਦੋਵੇਂ ਰਕਅਤਾਂ ਹੌਲ੍ਹੀਆਂ ਹੋਣ ।

ਅਗਲੇ ਸਹਾਬੀ ਹਜ਼ਰਤ ਖ਼ਬੀਬ ਬਿਨ ਅਦੀ ਅੰਸਾਰੀ ਹਨ । ਹਜ਼ਰਤ ਖ਼ਬੀਬ ਬਿਨ ਅਦੀ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਇਹਨਾ ਨੇ ਇਸ ਜੰਗ ਵਿੱਚ ਹਾਰਸ ਬਿਨ ਆਮਰ ਨੂੰ ਕਤਲ ਕੀਤਾ ਸੀ । ਬਦਰ ਦੀ ਜੰਗ ਵਿੱਚ ਮੁਜਾਹਿਦੀਨ ਦੇ ਸਮਾਨ ਦੀ ਨਿਗਰਾਨੀ ਇਹਨਾ ਦੇ ਸੁਪੁਰਦ ਸੀ । ਹਜ਼ਰਤ ਖ਼ਬੀਬ ਬਿਨ ਅਦੀ ਚਾਰ ਹਿਜਰੀ ਵਿੱਚ ਰਜੀਅ ਦੀ ਘਟਨਾ ਵਿੱਚ ਸ਼ਾਮਲ ਸਨ । ਬੁਖ਼ਾਰੀ ਵਿੱਚ ਰਜੀਅ ਦੀ ਘਟਨਾ ਬਾਰੇ ਵਿਸਥਾਰ ਇਸ ਪ੍ਰਕਾਰ ਮਿਲਦਾ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਦੱਸ ਵਿਕਤੀਆਂ ਦਾ ਇਕ ਜਥੱਾ ਹਾਲਾਤ ਪਤਾ ਕਰਨ ਲਈ ਭੇਜਿਆ ਅਤੇ ਆਸਿਮ ਬਿਨ ਸਾਬਤ ਅੰਸਾਰੀ ਨੂੰ ਇਹਨਾ ਦਾ ਸਰਦਾਰ ਨਿਯੁਕਤ ਕੀਤਾ । ਜੱਦ ਇਹ ਲੋਕ ਬਹਦਾ ਅਸਥਾਨ ਉਪੱਰ ਪਹੁੰਚੇ ਤਾਂ ਇਹਨਾ ਬਾਰੇ ਕਿਸੇ ਨੇ ਬਨੂ ਲਹਯਾਨ ਨੂੰ ਖ਼ਬਰ ਕਰ ਦਿੱਤੀ । ਇਹ ਖ਼ਬਰ

ਸੁਣਕੇ ਬਨੂ ਲਹਯਾਨ ਦੇ ਲਗਭਗ ਦੋ ਸੌ ਵਿਅਕਤੀ ਜੋ ਕਿ ਸਾਰੇ ਦੇ ਸਾਰੇ ਤੀਰ ਅੰਦਾਜ਼ ਸਨ, ਨਿਕਲ ਖੜੇ ਹੋਏ ਅਤੇ ਇਹਨਾ ਦੇ ਪੈਰ੍ਹਾਂ ਦੀਆਂ ਪੈੜ੍ਹਾਂ ਪਿੱਛੇ ਪਿੱਛੇ ਗਏ । ਜੱਦ ਆਸਿਮ ਅਤੇ ਉਹਨਾ ਦੇ ਸਾਥੀਆਂ ਨੇ ਇਹਨਾ ਨੂੰ ਆਉਂਦਿਆਂ ਦੇਖਿਆ ਤਾਂ ਇਹਨਾ ਨੇ ਇਕ ਟੀਲੇ ਉਪੱਰ ਪਨਾਹ ਲੈ ਲਈ । ਇਹਨਾ ਲੋਕਾਂ ਨੇ ਇਹਨਾ ਨੂੰ ਘੇਰ ਲਿਆ ਅਤੇ ਉਹਨਾ ਨੂੰ ਕਹਿਣ ਲੱਗੇ ਕਿ ਹੇਠਾ ਉਤਰ ਆਓ ਅਤੇ ਆਪਣੇ ਆਪ ਨੂੰ ਸਾਡੇ ਹਵਾਲੇ ਕਰ ਦਿਓ । ਸਾਡੇ ਵੱਲੋਂ ਤੁਹਾਡੇ ਲਈ ਇਹ ਪ੍ਰਣ ਹੈ ਕਿ ਅਸੀਂ ਤੁਹਾਡੇ ਵਿੱਚੋਂ ਕਿਸੇ ਨੂੰ ਵੀ ਕਤਲ ਨਹੀਂ ਕਰਾਂਗੇ । ਆਸਿਮ ਬਿਨ ਸਾਬਤ ਬੋਲੇ ਮੈਂ ਕਾਫ਼ਰ ਦੀ ਅਮਾਨ'ਤੇ ਟੀਲੇ ਤੋਂ ਨਹੀਂ ਉਤਰਾਂਗਾ । ਫਿਰ ਉਹਨਾ ਨੇ ਦੁਆ ਕੀਤੀ ਕਿ ਹੇ, ਅਲੱਾਹ ਆਪਣੇ ਨਬੀ ਨੂੰ ਸਾਡੇ ਬਾਰੇ ਖ਼ਬਰ ਕਰ ਦੇ । ਉਹਨਾ ਲੋਕਾਂ ਨੇ ਇਸ'ਤੇ ਤੀਰ ਚਲਾਏ ਅਤੇ ਆਸਿਮ ਨੂੰ ਸੱਤ ਵਿਅਕਤੀਆਂ ਸਣੇ ਮਾਰ ਮੁਕਾਇਆ। ਇਹ ਦੇਖਕੇ ਤਿੰਨ ਵਿਅਕਤੀ ਇਹਨਾ ਦੇ ਪ੍ਰਣ ਉਪੱਰ ਭਰੋਸਾ ਕਰਦਿਆਂ ਹੋਇਆਂ ਹੇਠਾਂ ਆ ਗਏ । ਇਹਨਾ ਵਿੱਚ ਖਬੀਬ ਅੰਸਾਰੀ ਅਤੇ ਇਬਨੇ ਦਸਨਾ ਅਤੇ ਇਕ ਹੋਰ ਵਿਅਕਤੀ ਸਨ । ਜੱਦ ਇਹ ਆ ਗਏ ਤਾਂ ਕਾਫ਼ਰਾਂ ਨੇ ਇਹਨਾ ਨੂੰ ਬੰਨ੍ਹ ਦਿਤੱਾ । ਤੀਜਾ ਵਿਅਕਤੀ ਕਹਿਣ ਲਗੱਾ ਕਿ ਇਹ ਪਹਿਲੀ ਦਗ਼ਾ ਹੈ । ਬ-ਖ਼ੁਦਾ ਮੈਂ ਤੁਹਾਡੇ ਨਾਲ ਨਹੀਂ ਜਾਵਾਂਗਾ । ਮੇਰੇ ਲਈ ਇਹਨਾ ਲੋਕਾਂ ਵਿੱਚ ਰਾਹਤ ਬਖ਼ਸ਼ ਨਮੂਨਾ ਹੈ ਜੋ ਸ਼ਹੀਦ ਹੋ ਗਏ ਹਨ । ਉਹਨਾ ਨੇ ਇਸ ਨਾਲ ਖਿੱਚ ਧੂਹ ਕੀਤੀ ਕਿ ਕਿਸੇ ਪ੍ਰਕਾਰ ਉਹਨਾ ਨਾਲ ਜਾਣ ਪਰ ਉਹ ਨ ਮੰਨੇ ਅੰਤ ਉਹਨਾ ਲੋਕਾਂ ਨੇ ਇਹਨਾ ਨੂੰ ਮਾਰ ਦਿਤੱਾ ਅਤੇ ਖ਼ਬੀਬ ਅਤੇ ਇਬਨੇ ਦਸਨਾ ਨੂੰ ਫੜਕੇ ਲੈ ਗਏ ਅਤੇ ਜਾਕੇ ਮੱਕੇ ਵਿੱਚ ਇਹਨਾ ਨੂੰ ਵੇਚ ਦਿਤੱਾ । ਖ਼ਬੀਬ ਨੂੰ ਬਨੂ ਹਾਰਸ ਬਿਨ ਉਮਰੋ ਬਿਨ ਨੋਫ਼ਿਲ ਬਿਨ ਅਬਦ ਮੁਨਾਫ਼ ਨੇ ਖ਼ਰੀਦ ਲਿਆ । ਖ਼ਬੀਬ ਉਹਨਾ ਕੋਲ ਕੈਦ ਰਹੇ । ਹਾਰਸ ਦੀ ਪੁਤੱਰੀ ਕਹਿੰਦੀ ਹਨ ਕਿ ਖ਼ਬੀਬ ਨੇ ਕੈਦ ਦੇ ਦਿਨਾ ਵਿੱਚ ਇਕ ਦਿਨ ਉਹਨਾ ਤੋਂ ਉਸਤਰਾ ਮੰਗਿਆ । ਸੋ ਉਸਨੇ ਉਸਤਰਾ ਦੇ ਦਿਤੱਾ । ਕਹਿੰਦੀ ਹਨ ਉਸ ਸਮੇਂ ਮੇਰੀ ਬੇਖ਼ਬਰੀ ਵਿੱਚ ਇਕ ਮੇਰਾ ਬਚੱਾ ਖ਼ਬੀਬ ਦੇ ਕੋਲ ਚਲਾ ਗਿਆ ਅਤੇ ਉਹਨਾ ਨੇ ਉਸ ਨੂੰ ਆਪਣੇ ਪਟਾਂ'ਤੇ ਬਿਠਾ ਲਿਆ । ਮੈਂ ਇਹ ਦੇਖਕੇ ਐਨ੍ਹਾ ਘਬਰਾ ਗਈ ਕਿ ਖ਼ਬੀਬ ਨੇ ਮੇਰੀ ਘਬਰਾਹਟ ਨੂੰ ਮੇਰੇ ਚਿਹਰੇ ਤੋਂ ਪਛਾਣ ਲਿਆ ਅਤੇ ਬੋਲੇ ਤੁਸੀਂ ਡਰਦੇ ਹੋ ਕਿ ਮੈਂ ਇਸਨੂੰ ਮਾਰ ਦੇਵਾਂਗਾ । ਮੈਂ ਤਾਂ ਅਜਿਹਾ ਨਹੀਂ ਹਾਂ ਕਿ ਇਹ ਕਰਾਂ । ਹਾਰਸ ਦੀ ਬੇਟੀ ਕਿਹਾ ਕਰਦੀ ਸਨ ਕਿ ਬਖ਼ੁਦਾ ਮੈਂ ਕਦੇ ਵੀ ਅਜਿਹਾ ਕੈਦੀ ਨਹੀਂ ਦੇਖਿਆ ਜੋ ਖ਼ਬੀਬ ਤੋਂ ਚੰਗਾ ਹੋਵੇ । ਫਿਰ ਕਹਿਣ ਲੱਗੀ ਕਿ ਰੱਬ ਦੀ ਸਹੁੰ ਮੈਂ ਇਕ ਦਿਨ ਉਹਨਾ ਨੂੰ ਦੇਖਿਆ ਕਿ ਅੰਗੂਰ ਦਾ ਗੁਛੱਾ ਉਹਨਾਂ ਦੇ ਹੱਥ ਵਿੱਚ ਸੀ ਅਤੇ ਉਹ ਇਸ ਤੋਂ ਅੰਗੂਰ ਖਾ ਰਹੇ ਸਨ ਅਤੇ ਉਹ ਜੰਜੀਰਾਂ ਵਿੱਚ ਜਕੜੇ ਹੋਏ ਸਨ ਅਤੇ ਇਹਨਾ ਦਿਨਾ ਵਿੱਚ ਮੱਕੇ ਵਿੱਚ ਕੋਈ ਫਲ ਵੀ ਨਹੀਂ ਸੀ । ਕਹਿੰਦੀ ਹਨ ਇਹ ਰੱਬ ਵੱਲੋਂ ਰਿਜ਼ਕ ਸੀ ਜੋ ਉਸ ਦੇ ਰੱਬ ਨੇ ਖ਼ਬੀਬ ਨੂੰ ਦਿਤੱਾ । ਜੱਦ ਲੋਕ ਇਹਨਾ ਨੂੰ ਕਤਲ ਕਰਨ ਲਈ ਹਰਮ ਤੋਂ ਬਾਹਰ ਲੈ ਗਏ ਤਾਂ ਖ਼ਬੀਬ ਨੇ ਉਹਨਾ ਨੂੰ ਕਿਹਾ ਕਿ ਮੈਂਨੂੰ ਆਗਿਆ ਦਿਓ ਕਿ ਮੈਂ ਦੋ ਰਕਅਤਾਂ ਨਮਾਜ਼ ਪੜ੍ਹ ਲਵਾਂ । ਉਹਨਾਂ ਨੇ ਉਸ ਨੂੰ ਅਗਿਆ ਦੇ ਦਿੱਤੀ ਤਾਂ ਖ਼ਬੀਬ ਨੇ ਦੋ ਰਕਅਤਾਂ ਪੜ੍ਹੀਆਂ । ਫਿਰ ਉਹਨਾਂ ਨੇ ਆਪਣੇ ਰੱਬ ਤੋਂ ਦੁਆ ਕਰਦਿਆਂ ਹੋਇਆਂ ਕਿਹਾ ਕਿ ਹੇ, ਅਲੱਾਹ ਇਹਨਾ ਨੂੰ ਇਕ ਇਕ ਕਰਕੇ ਹਲਾਕ ਕਰ । ਫਿਰ ਆਪ ਨੇ ਇਹ ਸ਼ੇਅਰ ਪੜ੍ਹਿਆ, ਜਿਸ ਦਾ ਅਰਥ ਇਹ ਹੈ ਕਿ ਜੱਦਕਿ ਮੈਂ ਮੁਸਲਮਾਨ ਹੋਣ ਦੀ ਅਵਸਥਾ ਵਿੱਚ ਮਾਰਿਆ ਜਾ ਰਿਹਾ ਹਾਂ ਮੈਂਨੂੰ ਪਰਵਾਹ ਨਹੀਂ ਕਿ ਕਿਹੜੇ ਪਾਸੇ ਰੱਬ ਖਾਤਰ ਡਿਗੱਾ ਗਾਂ ਅਤੇ ਮੇਰਾ ਇਹ ਡਿਗੱਣਾ ਰੱਬ ਲਈ ਹੈ ਅਤੇ ਜੇਕਰ ਉਹ ਚਾਹੇ ਤਾਂ ਟੋਟੇ ਟੋਟੇ ਕੀਤੇ ਹੋਏ ਸ਼ਰੀਰ ਨੂੰ ਬਰਕਤ ਦੇ ਸਕਦਾ ਹੈ । ਅਖ਼ੀਰ ਹਾਰਸ ਦੇ ਬੇਟੇ ਅਕਬਾ ਨੇ ਹਜ਼ਰਤ ਖਬੀਬ ਨੂੰ ਸ਼ਹੀਦ ਕਰ ਦਿਤੱਾ । ਅਤੇ ਇਹ ਖ਼ਬੀਬ ਹੀ ਸਨ ਜਿੰਨ੍ਹਾ ਨੇ ਹਰ ਅਜਿਹੇ ਮੁਸਲਮਾਨ ਲਈ ਦੋ ਰਕਅਤਾਂ ਪੜ੍ਹਨ ਦੀ ਸੁਨੱਤ ਕਾਇਮ ਕੀਤੀ ਜੋ ਇਸ ਪ੍ਰਕਾਰ ਬੰਨ੍ਹਕੇ ਮਾਰਿਆ ਜਾਏ । ਹਜ਼ਰਤ ਖ਼ਬੀਬ ਨੂੰ ਜੱਦ ਸ਼ਹੀਦ ਕੀਤਾ ਗਿਆ ਤਾਂ

ਉਸ ਸਮੇਂ ਉਹਨਾ ਦੇ ਇਹ ਵੀ ਦੁਆ ਕੀਤੀ ਕਿ ਹੇ, ਅਲੱਾਹ ! ਮੇਰੇ ਕੋਲ ਕੋਈ ਸਾਧਨ ਨਹੀਂ ਕਿ ਤੇਰੇ ਰਸੂਲ ਸਲਲੱਾਹੁ ਅਲੈਹਿ ਵਸਲੱਮ ਤੱਕ ਸਲਾਮ ਪਹੁੰਚਾ ਸਕਾਂ । ਸੋ, ਤੂੰ ਆਪ ਮੇਰੇ ਵੱਲੋਂ ਆਪ ਸਲਲੱਾਹੁ ਅਲੈਹਿ ਵਸਲੱਮ ਨੂੰ ਸਲਾਮ ਪਹੁੰਚਾ ਦੇ । ਜੱਦ ਹਜ਼ਰਤ ਖ਼ਬੀਬ ਕਤਲ ਕੀਤੇ ਗਏ ਜਾਣ ਲਈ ਤਖ਼ਤੇ ਉਪੱਰ ਚੜ੍ਹੇ ਤਾਂ ਫਿਰ ਦੁਆ ਕੀਤੀ । ਕਹਿੰਦੇ ਹਨ ਕਿ ਇਕ ਮੁਸ਼ਰਿਕ ਨੇ ਜੱਦ ਇਹ ਦੁਆ ਸੁਣੀ ਕਿ اللهم احصهم عددا واقتلهم بددا ਕਿ ਅਰਥਾਤ ਹੇ ਅਲੱਾਹ ਇਹਨਾ ਦੀ ਗਿਣਤੀ ਨੂੰ ਗਿਣਕੇ ਰੱਖ ਅਤੇ ਇਹਨਾ ਨੂੰ ਚੁਣ ਚੁਣਕੇ ਕਤਲ ਕਰ ਤਾਂ ਡਰ ਦੇ ਮਾਰੇ ਧਰਤੀ'ਤੇ ਲੇਟ ਗਿਆ । ਕਿਹਾ ਜਾਂਦਾ ਹੈ ਕਿ ਅਜੇ ਇਕ ਸਾਲ ਨਹੀਂ ਲੰਘਿਆ ਸੀ ਕਿ ਸਿਵਾਏ ਉਸ ਵਿਅਕਤੀ ਦੇ ਜੋ ਧਰਤੀ'ਤੇ ਲੇਟ ਗਿਆ ਸੀ ਹਜ਼ਰਤ ਖ਼ਬੀਬ ਦੇ ਕਤਲ ਵਿੱਚ ਸ਼ਾਮਲ ਸਨ ਕੋਈ ਵੀ ਜੀਉਂਦਾ ਨ ਰਿਹਾ ਸਾਰੇ ਖ਼ਤਮ ਹੋ ਗਏ । ਇਸ ਮੌਕੇ ਜਿਬਰਾਈਲ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਕੋਲ ਆਏ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਨੂੰ ਇਸ ਘਟਨਾ ਦੀ ਖਬਰ ਦਿੱਤੀ । ਸਹਾਬਾ ਕਹਿੰਦੇ ਹਨ ਕਿ ਇਸ ਦਿਨ ਆਂਹਜ਼ਰਤ ਸਲਲਾਹੁ ਅਲੈਹਿ ਵਸਲੱਮ ਬੈਠੇ ਹੋਏ ਸਨ । ਆਪਨੇ ਫ਼ਰਮਾਇਆ ਵਾਅਲੈਕੁਮ ਸਲਾਮ ਯਾਖ਼ਬੀਬ ! ਕਿ ਹੇ ਖ਼ਬੀਬ ਤੇਰੇ ਉਪੱਰ ਰੱਬ ਦੀ ਸਲਾਮਤੀ ਹੋਵੇ ਅਤੇ ਆਪ ਨੇ ਫ਼ਰਮਾਇਆ ਕਿ ਕੁਰੈਸ਼ ਨੇ ਉਹਨਾਂ ਨੂੰ ਕਤਲ ਕਰ ਦਿਤੱਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਸਮੇਂ ਮੈਂ ਇਹ ਐਲਾਨ ਕਰਨਾ ਚਾਹੁੰਦਾ ਹਾਂ ਕਿ 'ਸ਼ੋਬਾ ਤਾਰੀਖ਼ ਅਹਮਦੀਅਤ' (ਤਵਾਰੀਖ਼ ਅਹਮਦੀਆ ਵਿਭਾਗ) ਨੇ ਆਪਣੀ ਇਕ ਵੈਬਸਾਈਟ ਅਰੰਭ ਕੀਤੀ ਹੈ ਜੋ ਉਰਦੂ ਤੇ ਅੰਗ੍ਰੇਜ਼ੀ ਦੋਹਾਂ ਭਾਸ਼ਾਵਾਂ'ਤੇ ਆਧਾਰਤ ਹੈ । ਇੰਸ਼ਾਅਲੱਾਹ, ਜੁਮਏ ਦੇ ਬਾਦ ਮੈਂ ਇਸ ਨੂੰ ਲਾਂਚ ਕਰਾਂਗਾ ।

ਖੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਇਕ ਦੁੱਖਦਾਇਕ ਖ਼ਬਰ । ਸਾਡੇ ਇਕ ਪੁਰਾਣੇ ਮਿਸ਼ਨਰੀ ਸਫ਼ੀਉਰ ਰਹਮਾਨ ਖ਼ੁਰਸ਼ੀਦ ਸਾਹਬ 16 ਸਤੰਬਰ ਨੂੰ 75 ਸਾਲ ਦੀ ਉਮਰ ਵਿੱਚ ਹਾਰਟ ਅਟੈਕ ਦੇ ਸਬਬ ਵਫ਼ਾਤ ਪਾ ਗਏ ਹਨ । ( اناللهوانااليهراجعون) ਇਹਨਾ ਦੀ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਵਾਂਗਾ । ਆਪ ਹਜ਼ਰਤ ਮੌਲਵੀ ਕੁਦਰਾਤੁਲੱਾਹ ਸਾਹਬ ਸਨੌਰੀ ਸਹਾਬੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨਵਾਸੇ ਸਨ । ਅਲੱਾਹ ਤਆਲਾ ਇਹਨਾ ਨਾਲ ਰਹਿਮ ਤੇ ਬਖ਼ਸ਼ਿਸ਼ ਦਾ ਸੁਲੂਕ ਫ਼ਰਮਾਏ ਅਤੇ ਦਰਜਿਆਂ ਨੂੰ ਬੁਲੰਦ ਕਰੇ ।

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 20.09.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131